ਵਲੋਂ

ਡਾਇਰੈਕਟਰ ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ ਵਿਭਾਗ, ਪੰਜਾਬ ਸਰਕਾਰ।

ਸੇਵਾ ਵਿੱਚ

1 ਡਿਪਟੀ ਡਾਇਰੈਕਟਰ (ਫੀਲਡ),
ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ,
ਫਿਰੋਜਪੁਰ, ਜਲੰਧਰ ਅਤੇ ਪਟਿਆਲਾ।

2 ਸਮੂਹ ਜਿਲ੍ਹਾ ਕੰਟਰੋਲਰਜ,
ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ,
ਪੰਜਾਬ ਰਾਜ ਵਿੱਚ।

ਮੀਮੋ ਨੰ: 1/393/2008/ਅਖ-1-2009/
ਮਿਤੀ,ਚੰਡੀਗੜ੍ਹ:

**ਵਿਸ਼ਾ:- ਰੱਬੀ ਸੀਜਨ 2009-10 ਦੌਰਾਨ ਕਣਕ ਦੀ ਖਰੀਦ ਸਬੰਧੀ ਪਾਲਿਸੀ।**

ਪਿਛਲੇ ਸਾਲ ਦੀ ਤਰ੍ਹਾਂ ਰੱਬੀ ਸੀਜਨ 2009-10 ਮਿਤੀ 1-04-2009 ਤੋਂ ਸ਼ੁਰੂ ਹੋਵੇਗਾ ਅਤੇ 30-6-2009 ਨੂੰ ਖਤਮ ਹੋਵੇਗਾ। ਕਣਕ ਦੀ ਖਰੀਦ, ਭਾਰਤ ਸਰਕਾਰ ਵੱਲੋਂ ਨਿਸਚਿਤ ਕੀਤੀ ਕੀਮਤ ਤੇ ਪੰਜਾਬ ਦੀਆਂ ਸਮੂਹ ਖਰੀਦ ਏਜੰਸੀਆਂ ਸਮੇਤ ਐਫ.ਸੀ.ਆਈ. ਵੱਲੋਂ ਕੀਤੀ ਜਾਣੀ ਹੈ। ਖਰੀਦ ਦੌਰਾਨ ਸਾਰੀਆਂ ਖਰੀਦ ਏਜੰਸੀਆਂ ਦੇ ਮੁੱਖ ਦਫਤਰਾਂ, ਜਿਲ੍ਹਾ ਦਫਤਰਾਂ ਦੇ ਅਧਿਕਾਰੀਆਂ ਅਤੇ ਫੀਲਡ ਸਟਾਫ ਵੱਲੋਂ ਜਿਹਨਾਂ ਮਹੱਤਵ-ਪੂਰਨ ਨੁਕਤਿਆਂ ਦੀ ਪਾਲਣਾ ਕੀਤੀ ਜਾਣੀ ਹੈ, ਉਹ ਹੇਠ ਅਨੁਸਾਰ ਹਨ:-

1 <u>ਕਣਕ ਦੀ ਕੀਮਤ</u>

ਰੱਬੀ ਸੀਜਨ 2009-10 ਲਈ ਕਣਕ ਦੀ ਖਰੀਦ ਸਬੰਧੀ ਘੱਟੋ ਘੱਟ ਕੀਮਤ ਭਾਰਤ ਸਰਕਾਰ ਵੱਲੋਂ ਆਪਣੇ ਪੱਤਰ ਨੰ: 160(4)-2008-ਪੀਵਾਈ1 ਮਿਤੀ 12-02-2009 ਰਾਹੀ ਰੁਪਏ 1080/- ਪ੍ਰਤੀ ਕੁਇੰਟਲ ਨਿਸਚਿਤ ਕੀਤਾ ਗਿਆ ਹੈ। ਇਸ ਸਬੰਧੀ ਮੁੱਖ ਦਫਤਰ ਦੁਆਰਾ ਪੱਤਰ ਨੰ:1/393/2008-ਅਖ-1/220, ਮਿਤੀ 26-02-2009 ਰਾਹੀ ਜਾਰੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਜਿਮੀਦਾਰਾਂ ਵੱਲੋਂ ਮੰਡੀਆਂ ਵਿਚ ਲਿਆਂਦੀ ਜਾਣ ਵਾਲੀ ਕਣਕ ਦੀ ਸਫਾਈ ਨੂੰ ਯਕੀਨੀ ਬਣਾਇਆ ਜਾਵੇ ਅਤੇ ਨਿਰਧਾਰਤ ਮਾਪਦੰਡਾਂ ਵਿਚ ਆਉਣ ਵਾਲੀ ਕਣਕ ਨੂੰ ਭਾਰਤ ਸਰਕਾਰ ਵੱਲੋਂ ਘੋਸਿਤ ਘੱਟੋ ਘੱਟ ਸਮੱਰਥਨ ਮੁੱਲ ਤੇ ਖਰੀਦਿਆ ਜਾਵੇ ਅਤੇ ਕਿਸੇ ਵੀ ਹਾਲਤ ਵਿੱਚ ਘੱਟੋ ਘੱਟ ਸਮੱਰਥਨ ਮੁੱਲ ਤੋ ਘੱਟ ਰੇਟ ਤੇ ਨਾ ਵਿਕਣ ਦਿੱਤਾ ਜਾਵੇ।

2 <u>ਕਣਕ ਦੀ ਖਰੀਦ ਲਈ ਏਜੰਸੀਆਂ ਦਾ ਅੰਦਾਜਨ ਸੇਅਰ</u>

ਰੱਬੀ ਸੀਜਨ 2009-10 ਦੌਰਾਨ ਵੱਖ-ਵੱਖ ਖਰੀਦ ਏਜੰਸੀਆਂ ਵੱਲੋ ਹੇਠ ਲਿਖੇ ਸੇਅਰਾਂ ਅਨੁਸਾਰ ਕਣਕ ਦੀ ਖਰੀਦ ਭਾਰਤ ਸਰਕਾਰ ਵੱਲੋ ਮਿੱਥੇ ਹੋਏ ਮਿਆਰਾਂ ਅਨੁਸਾਰ ਹੀ ਕੀਤੀ ਜਾਵੇ:-

| ਏਜੰਸੀ ਦਾ ਨਾਂ | ਹਿੱਸਾ (ਅਨੁਪਾਤ) | ਮਿਕਦਾਰ (ਲੱਖ ਮੀ.ਟਨਾਂ ਵਿੱਚ) |
|---|---|---|
| ਪਨਗਰੇਨ | 20× | 23100 |
| ਮਾਰਕਫੈਡ | 20× | 23100 |
| ਪਨਸਪ | 20× | 23100 |
| ਵੇਅਰਹਾਊਸ | 11× | 12165 |
| ਪੰਜਾਬ ਐਗਰੋ | 9× | 10135 |
| ਐਫ.ਸੀ.ਆਈ. | 20× | 23100 |
| ਜੋੜ | 100× | 115100 |

ਵੱਖ-ਵੱਖ ਖਰੀਦ ਏਜੰਸੀਆਂ ਦਾ ਖਰੀਦ ਦਾ ਟੀਚਾ 2009-10 ਦੌਰਾਨ ਫਸਲ ਦੀ ਅਨੁਮਾਨਤ ਪੈਦਾਵਾਰ ਦੇ ਆਧਾਰ ਤੇ ਹੀ ਨਿਸਚਿਤ ਕੀਤਾ ਗਿਆ ਹੈ, ਪਰ ਜਿਸ ਏਜੰਸੀ ਨੂੰ ਜਿਹੜੀ ਮੰਡੀ ਅਲਾਟ ਕੀਤੀ ਗਈ ਹੈ, ਉਹ ਏਜੰਸੀ ਉਸ ਮੰਡੀ ਵਿੱਚ ਕਣਕ ਦੀ ਖਰੀਦ ਦਾ ਕੰਮ ਮੰਡੀ ਵਿਚ ਕਣਕ ਦੀ ਆਮਦ ਤੱਕ ਜਾਰੀ ਰੱਖੇਗੀ। ਸਮੂਹ ਖਰੀਦ ਏਜੰਸੀਆਂ ਨੂੰ ਇਹ ਸਪੱਸਟ ਕੀਤਾ ਜਾਂਦਾ ਹੈ ਕਿ ਖਰੀਦ ਸਬੰਧੀ ਉਪਰੋਕਤ ਟੀਚੇ ਪ੍ਰਬੰਧਕ ਨਜਰੀਏ ਲਈ ਕੀਤੇ ਜਾਂਦੇ ਹਨ, ਇਸ ਲਈ ਜੋ ਮੰਡੀ ਜਿਸ ਖਰੀਦ ਏਜੰਸੀ ਨੂੰ ਅਲਾਟ ਕੀਤੀ ਜਾਂਦੀ ਹੈ, ਉਸ ਮੰਡੀ ਵਿਚ ਖਰੀਦ ਦੀ ਜਿੰਮੇਵਾਰੀ ਬਿਨਾਂ ਕਿਸੇ ਟੀਚੇ ਦੇ ਜਾਰੀ ਰੱਖੀ ਜਾਣੀ ਹੈ। ਜਿਸ ਕੇਂਦਰ ਤੇ ਇੱਕ ਤੋ ਵੱਧ ਖਰੀਦ ਏਜੰਸੀਆਂ ਕੰਮ ਕਰਦੀਆਂ ਹਨ ਉਨ੍ਹਾਂ ਕੇਂਦਰਾਂ ਤੇ ਆੜ੍ਹਤੀਆਂ ਦੇ ਫੜ੍ਹਾਂ ਦੀ ਵੰਡ ਖਰੀਦ ਏਜੰਸੀਆਂ ਵਿਚਕਾਰ ਜਿਲ੍ਹਾ ਖੁਰਾਕ ਸਪਲਾਈਜ ਕੰਟਰੋਲਰਾਂ ਦੁਆਰਾ ਬਰਾਬਰ ਕੀਤੀ ਜਾਵੇਗੀ।

3 <u>ਖਰੀਦ ਕੇਂਦਰਾਂ ਦੀ ਵੰਡ</u>

ਰੱਬੀ ਸੀਜਨ 2009-10 ਦੌਰਾਨ ਖੋਲ੍ਹੇ ਗਏ ਖਰੀਦ ਕੇਂਦਰਾਂ ਦੀ ਸੂਚੀ ਅਤੇ ਉਨ੍ਹਾਂ ਦੀ ਖਰੀਦ ਏਜੰਸੀਆਂ ਵਿਚਕਾਰ ਵੰਡ ਵੱਖਰੇ ਤੌਰ ਤੇ ਭੇਜੀ ਜਾ ਚੁੱਕੀ ਹੈ।

4 <u>ਮੰਡੀਆਂ ਵਿੱਚ ਸਟਾਫ ਦੀ ਨਿਯੁਕਤੀ</u>

ਸਾਰੀਆਂ ਖਰੀਦ ਏਜੰਸੀਆਂ ਇਹ ਯਕੀਨੀ ਬਣਾਉਣਗੀਆਂ ਕਿ ਜਿਹੜੀਆਂ ਮੰਡੀਆਂ ਉਹਨਾਂ ਨੂੰ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਮੰਡੀਆਂ ਵਿੱਚ ਅਮਲੇ ਦੀ ਨਿਯੁਕਤੀ ਮਿਤੀ 28-3-2009 ਤੱਕ ਕਰਕੇ ਸੂਚੀਆਂ ਸਬੰਧਤ ਜਿਲ੍ਹਾ ਕੰਟਰੋਲਰਾਂ, ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ, ਪੰਜਾਬ ਰਾਂਹੀ ਇਸ ਵਿਭਾਗ ਨੂੰ ਮਿਤੀ 30-3-2009 ਤੱਕ ਪੁੱਜ ਜਾਣ ਅਤੇ ਜਿਲ੍ਹਾ ਕੰਟਰੋਲਰ ਇਹ ਤਸਦੀਕ ਕਰਨਗੇ ਕਿ ਸਾਰੀਆਂ ਏਜੰਸੀਆਂ ਦਾ ਅਮਲਾ ਮੰਡੀਆਂ ਵਿੱਚ ਹਾਜਰ ਹੋ ਗਿਆ ਹੈ। ਜਿਹੜਾ ਅਮਲਾ ਮੰਡੀਆਂ ਵਿੱਚ ਨਿਯੁਕਤ ਕੀਤਾ ਜਾਂਦਾ ਹੈ, ਉਹ ਇਹ ਯਕੀਨੀ ਬਣਾਏਗਾ ਕਿ ਮੰਡੀਆਂ ਵਿੱਚ ਆੜ੍ਹਤੀਆਂ ਕੋਲ ਮੰਡੀ ਬੋਰਡ ਉਪਨਿਯਮਾਂ ਅਧੀਨ ਲੋੜ ਅਨੁਸਾਰ ਤਰਪਾਲਾਂ ਅਤੇ ਲੋੜੀਦੇ ਹੋਰ ਪ੍ਰਬੰਧ ਮੌਜੂਦ ਹਨ ਤਾਂ ਜੋ ਕਿਸਾਨਾਂ ਨੂੰ ਆਪਣੀ ਜਿਨਸ ਵੇਚਣ ਵਿੱਚ ਕੋਈ ਔਕੜ ਪੇਸ ਨਾ ਆਵੇ।

5 <u>ਬੋਲੀ ਦਾ ਸਮਾਂ</u>

ਖਰੀਦ ਕੇਂਦਰਾਂ ਤੇ ਬੋਲੀ ਹਰ ਰੋਜ ਸਵੇਰੇ 10.00 ਵਜੇ ਤੋਂ ਸੁਰੂ ਹੋ ਕੇ ਸਾਮ ਦੇ 6.00 ਵਜੇ ਤੱਕ ਲਗਾਈ ਜਾਵੇ ਅਤੇ ਕਿਸੇ ਵੀ ਹਾਲਤ ਵਿੱਚ ਬੋਲੀ ਰਾਤ ਦੇ ਸਮੇ ਨਾ ਲਗਾਈ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜਦੋ ਸਵੇਰੇ 10.00 ਵਜੇ ਬੋਲੀ ਸੁਰੂ ਹੋਏ ਤਾਂ ਬੋਲੀ ਸਮੇ ਵਿਭਾਗ ਦਾ ਸਬੰਧਤ ਨਿਰੀਖਕ, ਸਬੰਧਤ ਖਰੀਦ ਏਜੰਸੀ ਦਾ ਨੁਮਾਇੰਦਾ ਅਤੇ ਮਾਰਕੀਟ ਕਮੇਟੀ ਦਾ ਸਬੰਧਤ ਕਰਮਚਾਰੀ ਹਾਜਰ ਹੈ।

ਬੋਲੀ ਸੁਰੂ ਕਰਨ ਤੋਂ ਪਹਿਲਾਂ ਪੰਜਾਬ ਰਾਜ ਮੰਡੀ ਬੋਰਡ ਵੱਲੋਂ ਪੰਜਾਬ ਮਾਰਕਿਟ ਉਪ-ਨਿਯਮਾਂ ਦੇ ਅਧੀਨ ਸਮੇ ਸਮੇ ਸਿਰ ਜਾਰੀ ਹਦਾਇਤਾਂ ਅਨੁਸਾਰ ਜਿੰਮੀਦਾਰਾਂ ਵੱਲੋ ਲਿਆਂਦੀ ਜਿਨਸ ਦੀ ਸਫਾਈ ਮੰਡੀ ਬੋਰਡ ਦੇ ਅਮਲੇ ਵੱਲੋਂ ਆੜ੍ਹਤੀਆਂ ਤੋ ਕਰਵਾ ਕੇ ਹਰ ਇੱਕ ਢੇਰੀ ਤੇ ਪਲੇ-ਕਾਰਡ ਲਗਾਉਣੇ ਜਰੂਰੀ ਹਨ। ਇਸ ਲਈ ਸਿਰਫ ਉਨ੍ਹਾਂ ਢੇਰੀਆਂ ਦੀ ਹੀ ਬੋਲੀ ਲਗਾਈ ਜਾਵੇ, ਜਿਹਨਾਂ ਦੀ ਸਫਾਈ ਹੋ ਚੁੱਕੀ ਹੋਵੇ। ਜਿਹੜੀਆਂ ਢੇਰੀਆਂ ਦੀ ਸਫਾਈ ਨਾਂ ਹੋਈ ਹੋਵੇ ਜਾਂ ਢੇਰੀਆਂ ਵਿੱਚ ਸਿੱਲ ਦੀ ਮਾਤਰਾ ਮਿੱਥੇ ਹੋਏ ਮਿਆਰਾਂ (ਸਪੈਸੀਫਿਕੇਸਨਾਂ) ਤੋ ਜਿਆਦਾ ਹੋਵੇ ਅਤੇ ਸਰਕਾਰੀ ਖਰੀਦ ਦੇ ਯੋਗ ਨਾ ਹੋਵੇ, ਅਜਿਹੀਆਂ ਢੇਰੀਆਂ ਨੂੰ ਪੀ.ਆਰ.-1 ਰਜਿਸਟਰ (ਮੰਡੀ ਆਮਦ ਰਜਿਸਟਰ) ਵਿੱਚ ਦਰਜ ਜਰੂਰ ਕੀਤਾ ਜਾਵੇ ਪਰ <u>ਉਨਾਂ ਦੇ ਅੱਗੇ ਵਿਸੇਸ ਕਥਨ ਦੇ ਖਾਨੇ ਵਿੱਚ ਬੋਲੀ ਨਾ ਲਗਾਉਣ ਦਾ ਕਾਰਨ ਜਰੂਰ ਅੰਕਿਤ ਕੀਤਾ ਜਾਵੇ।</u> ਢੇਰੀਆਂ ਵਿੱਚ ਨਮੀ

ਦੀ ਮਾਤਰਾ ਜਾਨਣ ਲਈ ਮੰਡੀ ਬੋਰਡ ਵੱਲੋ ਰੱਖੇ ਹੋਏ ਨਮੀ ਮਾਪਣ ਵਾਲੇ ਯੰਤਰਾਂ ਦੀ ਵਰਤੋ ਕੀਤੀ ਜਾਵੇ ਅਤੇ ਇਨ੍ਹਾਂ ਨਮੀ ਮਾਪਣ ਵਾਲੇ ਯੰਤਰਾਂ ਦੀ ਕਾਰਜਵਿਧੀ ਦੀ ਪਰਖ ਸੀਜਨ ਸੁਰੂ ਹੋਣ ਤੋ ਪਹਿਲਾਂ ਕਰਵਾ ਲਈ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਹਰ ਆੜ੍ਹਤੀਏ (ਲਾਇਸੰਸੀ) ਪਾਸ ਲੋੜੀਦੇ ਪੱਖਿਆਂ ਦਾ (ਬਿਜਲੀ ਨਾਲ ਚੱਲਣ ਵਾਲੇ ਪੱਖਿਆਂ ਦਾ) ਪੂਰਾ ਪ੍ਰਬੰਧ ਹੈ। ਜੇਕਰ ਮੰਡੀ ਵਿੱਚ ਕਰੇਟਾਂ ਦੀ ਜਰੂਰਤ ਹੋਵੇ ਤਾਂ ਸਬੰਧਤ ਏਜੰਸੀ ਉਥੇ ਕਰੇਟ ਮੁਹੱਈਆਂ ਕਰਵਾਏਗੀ। ਇਸ ਤੋ ਬਿਨਾਂ ਹਰ ਖਰੀਦ ਏਜੰਸੀ ਦਾ ਇੰਚਾਰਜ, ਜਿਸਦੀ ਹਾਜਰੀ ਵਿੱਚ ਬੋਲੀ ਲੱਗੇਗੀ, ਉਹ ਬੋਲੀ ਰਜਿਸਟਰ ਤੇ ਮਿਤੀ ਅਤੇ ਸਮੇ ਸਮੇਤ ਆਪਣੇ ਹਸਤਾਖਰ ਕਰੇਗਾ ਅਤੇ ਇਸ ਦਾ ਨਿਰੀਖਣ ਸਬੰਧਤ ਜਿਲ੍ਹਾ ਅਧਿਕਾਰੀ ਕਰਨਗੇ। ਅਗਰ ਕੋਈ ਨਿਰੀਖਕ ਬੋਲੀ ਸਮੇ ਹਾਜਰ ਨਹੀ ਹੁੰਦਾ ਜਾਂ ਆਪਣੇ ਹਸਤਾਖਰ ਨਹੀ ਕਰਦਾ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਜਿਲ੍ਹਾ ਕੰਟਰੋਲਰ ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ/ ਜਿਲ੍ਹਾ ਮੈਨੇਜਰ ਦੀ ਹੋਵੇਗੀ ਜਿਸ ਨੂੰ ਸਖਤੀ ਨਾਲ ਲਿਆ ਜਾਵੇਗਾ।

6 <u>ਪੀ.ਆਰ. 1 ਰਜਿਸਟਰ</u>

ਹਰੇਕ <u>ਮੰਡੀ/ਖਰੀਦ ਕੇਦੰਰ ਵਿੱਚ ਤਸਦੀਕ ਸੁਦਾ ਪੀ.ਆਰ.-1 ਰਜਿਸਟਰ (ਮੰਡੀ ਆਮਦ ਰਜਿਸਟਰ) ਲਾਇਆ ਜਾਵੇ, ਜਿਸ ਵਿੱਚ ਜਿੰਮੀਦਾਰ ਦਾ ਨਾਮ, ਪਿਤਾ ਦਾ ਨਾਮ, ਪੂਰਾ ਪਤਾ, ਰੇਟ ਅਤੇ ਅੰਦਾਜਨ ਵਜਨ</u> ਲਿਖਿਆ ਜਾਵੇ। ਵਿਸੇਸ ਕਥਨ ਵਾਲੇ ਖਾਨੇ ਵਿੱਚ ਰੇਟ ਨਾਂ ਲਾਉਣ ਦੇ ਕਾਰਨ ਵੀ ਦਰਜ ਕੀਤੇ ਜਾਣ ਅਤੇ ਸਬੰਧਤ ਜਿੰਮੀਦਾਰ/ਆੜ੍ਹਤੀ ਦੇ ਦਸਤਖਤ ਕਰਵਾਏ ਜਾਣ। ਹਰ ਦਿਨ ਦੇ ਅੰਦਰਾਜਾਂ ਤੋ ਬਾਅਦ ਇੱਕ ਸੰਖੇਪ ਪੀ.ਆਰ.-54 ਰਿਪੋਰਟ ਤਿਆਰ ਕੀਤੀ ਜਾਂਦੀ ਹੈ ਜਿਸ ਦੀ ਕਾਪੀ ਜਿਲ੍ਹਾ ਅਧਿਕਾਰੀ ਨੂੰ ਭੇਜੀ ਜਾਵੇ। ਪ਼ੀ ਆਰ਼1 ਰਜਿਸਟਰ ਵਿੱਚ ਸਾਰੀਆਂ ਏਜੰਸੀਆਂ ਵੱਲੋ ਖਰੀਦ ਕੀਤੀ ਕਣਕ ਦੇ ਅੰਕੜੇ ਦਰਜ ਕੀਤੇ ਜਾਣ। ਪ਼ੀ ਆਰ਼1 ਰਜਿਸਟਰ ਭਰਨ ਵਾਲੇ ਕਰਮਚਾਰੀ ਵੱਲੋ ਉਸ ਤੇ ਹਰ ਰੋਜ ਆਪਣੇ ਪੂਰੇ ਹਸਤਾਖਰ ਕੀਤੇ ਜਾਣ। ਹਲਕੇ ਦੇ ਸੁਪਰਵਾਈਜਰੀ ਅਫਸਰ ਜਿਵੇ ਕਿ ਸਹਾਇਕ ਖੁਰਾਕ ਸਪਲਾਈ ਅਫਸਰ/ ਖੁਰਾਕ ਤੇ ਸਪਲਾਈਜ ਅਫਸਰ/ ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ/ ਡਿਪਟੀ ਡਾਇਰੈਕਟਰ (ਫੀਲਡ) ਜਾਂ ਮੁੱਖ ਦਫਤਰ ਦਾ ਕੋਈ ਅਧਿਕਾਰੀ ਜਦੋ ਮੰਡੀਆਂ/ਖਰੀਦ ਕੇਦਰਾਂ ਦਾ ਦੋਰਾ ਕਰਨ ਤਾਂ ਉਹ ਪੀ.ਆਰ.-1 ਰਜਿਸਟਰ ਦਾ ਨਿਰੀਖਣ ਜਰੂਰ ਕਰਨ ਅਤੇ ਪਾਈਆਂ ਗਈਆਂ ਤਰੁੱਟੀਆਂ ਬਾਰੇ ਡਾਇਰੈਕਟਰ, ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ, ਪੰਜਾਬ ਨੂੰ ਲੋੜ ਅਨੁਸਾਰ ਟੈਲੀਫੋਨ ਜਾਂ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ।

7 <u>ਬੋਰੀਆਂ ਤੇ ਛਾਪਾ ਲਗਾਉਣ ਬਾਰੇ:</u>

ਭਾਵੇ ਹਰ ਸਾਲ ਆੜ੍ਹਤੀਆਂ ਨੂੰ ਖਰੀਦ ਕੀਤੀਆਂ ਬੋਰੀਆਂ ਤੇ ਆੜ੍ਹਤੀਏ ਦਾ ਨਾਂ ਉਸ ਦਾ ਲਾਇਸੰਸ ਨੰਬਰ, ਕੇਦਰ ਦਾ ਨਾਂ ਅਤੇ ਫਸਲੀ ਸਾਲ ਆਦਿ ਦਾ ਛਾਪਾ ਲਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ, ਪਰ ਇਹ ਵੇਖਣ ਵਿੱਚ ਆਇਆ ਹੈ ਕਿ ਆੜ੍ਹਤੀਆਂ ਵੱਲੋ ਇਨਾਂ ਹਦਾਇਤਾਂ ਦੀ ਪਾਲਣਾ ਸਹੀ ਤਰੀਕੇ ਨਾਲ ਨਹੀ ਕੀਤੀ ਜਾਂਦੀ। ਸਰਕਾਰ ਨੇ ਇਸ ਗੱਲ ਦਾ ਗੰਭੀਰ ਨੋਟਿਸ ਲਿਆ ਹੈ ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਹਰ ਆੜ੍ਹਤੀਏ ਰਾਂਹੀ ਜੋ ਕਣਕ ਦੀ ਖਰੀਦ ਸਰਕਾਰੀ ਏਜੰਸੀ ਵੱਲੋ ਕੀਤੀ ਜਾਵੇਗੀ, ਉਸ ਤੇ ਹਰ ਆੜ੍ਹਤੀਏ ਦਾ ਛਾਪਾ ਜਿਸ ਤੇ ਫਸਲੀ ਸਾਲ, ਆੜ੍ਹਤੀਏ ਦਾ ਪੂਰਾ ਨਾਂ, ਲਾਇਸੰਸ ਨੰਬਰ, ਜਿਣਸ ਦਾ ਨਾਂ ਅਤੇ ਖਰੀਦ ਕੇਦਰ ਦੇ ਨਾਂ ਦਾ ਛਾਪਾ ਲਾਇਆ ਜਾਵੇ ਅਤੇ ਇਹ ਛਾਪਾ ਲਾਲ ਸਿਆਹੀ ਵਾਲੀ ਮਾਰਕਿੰਗ ਵਿੱਚ (ਪੜ੍ਹਨਯੋਗ) ਹੋਣਾ ਚਾਹੀਦਾ ਹੈ। ਬੋਰੀਆਂ ਦੀ ਸਿਲਾਈ ਵੀ ਲਾਲ ਰੰਗ ਦੇ ਧਾਗੇ ਨਾਲ ਕੀਤੀ ਜਾਵੇ। ਇਸ ਸਬੰਧੀ ਭਾਰਤ ਸਰਕਾਰ ਤੋ ਪ੍ਰਾਪਤ ਪੱਤਰ ਨੰ: 15(10)2003-ਪ਼ੀ ਵਾਈ਼ ˙ ਮਿਤੀ 26-11-2008 ਅਤੇ ਮੁੱਖ ਦਫਤਰ ਦੁਆਰਾ ਪੱਤਰ ਨੰ: 1/393/2008-ਅਖ-1/1485 ਮਿਤੀ 12-12-2008 ਰਾਂਹੀ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

8 <u>ਬੋਰੀਆਂ ਦੀ ਸਿਲਾਈ</u>

ਬੋਰੀਆਂ ਦੀ ਸਿਲਾਈ ਦਾ ਕੰਮ ਪੰਜਾਬ ਰਾਜ ਮੰਡੀ ਬੋਰਡ ਦੇ ਉਪ ਨਿਯਮਾਂ ਅਨੁਸਾਰ ਹੀ ਕਰਵਾਇਆ ਜਾਵੇ ਅਤੇ ਹਰ ਇੱਕ ਬੋਰੀ ਦੀ ਸਿਲਾਈ ਮਸੀਨ ਜਾਂ ਹੱਥ ਨਾਲ ਜੋ ਵੀ ਹਦਾਇਤਾਂ ਹੋਣ ਅਨੁਸਾਰ ਪੂਰੇ ਪੂਰੇ ਟਾਂਕੇ ਲਾ ਕੇ ਕਰਵਾਈ ਜਾਵੇ।

9 <u>ਬੋਰੀਆਂ ਵਿੱਚ ਕਣਕ ਦੀ ਭਰਾਈ ਬਾਰੇ</u>

ਪਹਿਲਾਂ ਦੀ ਤਰ੍ਹਾਂ ਰੱਬੀ ਸੀਜਨ 2009-10 ਦੌਰਾਨ, 50 ਕਿਲੋ ਦੀਆਂ ਬੋਰੀਆਂ ਦੀ ਵਰਤੋ ਕੀਤੀ ਜਾਵੇਗੀ ਅਤੇ 50 ਕਿਲੋ ਕਣਕ ਦੀ ਭਰਤੀ ਕੀਤੀ ਜਾਵੇ।

10 <u>ਬੋਰੀਆਂ ਸਬੰਧੀ</u>

ਹਰ ਇੱਕ ਜ਼ਿਲ੍ਹੇ ਵਿੱਚ ਕਣਕ ਦੀ ਆਉਣ ਵਾਲੀ ਆਮਦ ਨੂੰ ਮੁੱਖ ਰੱਖਦੇ ਹੋਏ 50 ਕਿਲੋ ਦੀਆਂ ਜੂਟ ਅਤੇ ਐਚ਼ਡੀ਼ਪੀ਼ਈ਼/ਪੀ਼ਪੀ਼ ਬੋਰੀਆਂ ਦਾ ਪ੍ਰਬੰਧ ਮੁੱਖ ਦਫਤਰ ਵੱਲੋ ਕਰ ਲਿਆ ਗਿਆ ਹੈ ਅਤੇ ਸਾਰੇ ਜਿਲ੍ਹਿਆਂ ਵਿੱਚ ਭੇਜੀਆਂ ਜਾ ਰਹੀਆਂ ਹਨ। ਪ੍ਰਾਪਤ ਹੋਈਆਂ ਬੋਰੀਆਂ ਨੂੰ ਜਿਲ੍ਹਾ ਅਧਿਕਾਰੀ ਜਾਰੀ ਹੋਈਆਂ ਮੰਡੀਆਂ ਵਿੱਚ ਲੋੜ ਅਨੁਸਾਰ ਭੇਜਣ ਨੂੰ ਯਕੀਨੀ ਬਣਾਉਣਗੇ। ਅਗਰ ਕਿਸੇ ਏਜੰਸੀ ਦੁਆਰਾ ਗੱਠਾਂ ਦੀ ਥੁੜ੍ਹ ਮਹਿਸੂਸ ਕੀਤੀ ਜਾਵੇ ਤਾਂ ਦੂਸਰੀ ਏਜੰਸੀ ਤੋ ਗੱਠਾਂ ਉਧਾਰ ਲਈਆਂ ਜਾਣ। ਜੇਕਰ ਜਿਲ੍ਹੇ ਵਿਚੋ ਸਾਰੀਆਂ ਏਜੰਸੀਆਂ ਕੋਲ ਗੱਠਾਂ ਦੀ ਥੁੜ੍ਹ ਹੋ ਜਾਵੇ ਤਾਂ ਉਸ ਬਾਰੇ ਤੁਰੰਤ ਮੁੱਖ ਦਫਤਰ ਨੂੰ ਟੈਲੀਫੂਨ ਰਾਂਹੀ ਸੂਚਿਤ ਕੀਤਾ ਜਾਵੇ ਤਾਂ ਜੋ ਵਾਧੂ ਬੋਰੀਆਂ ਦਾ ਪ੍ਰਬੰਧ ਤੁਰੰਤ ਕੀਤਾ ਜਾ ਸਕੇ।

11 <u>ਬੋਰੀਆਂ ਦੀ ਚੁਕਵਾਈ ਸਬੰਧੀ</u>

ਹਰ ਏਜੰਸੀ 72 ਘੰਟਿਆਂ ਦੇ ਅੰਦਰ ਅੰਦਰ ਖਰੀਦ ਕੀਤੀ ਗਈ ਕਣਕ ਦੀ ਮਿਕਦਾਰ ਮੰਡੀ ਵਿੱਚੋ ਚੁੱਕ ਕੇ ਭੰਡਾਰ ਕਰਨ ਵਾਲੀ ਥਾਂ ਤੇ ਲੈ ਜਾਵੇਗੀ। ਕਣਕ ਦੀ ਚੁਕਵਾਈ ਸਬੰਧੀ ਅੰਕੜੇ ਰੋਜ ਦੀ ਰੋਜ ਮੁੱਖ ਦਫਤਰ ਦੀ ਅੰਕੜਾ ਸਾਖਾ ਨੂੰ ਕੰਟਰੋਲ ਰੂਮ ਰਾਂਹੀ ਭੇਜੇ ਜਾਣ।

12 <u>ਢੋਆ ਢੁਆਈ</u>

ਪਿਛਲੇ ਸਾਲਾਂ ਦੌਰਾਨ ਇਹ ਆਮ ਤੌਰ ਤੇ ਵੇਖਿਆ ਗਿਆ ਹੈ ਕਿ ਮੰਡੀਆਂ ਵਿੱਚ ਕਿਸਾਨਾਂ ਵੱਲੋ ਥੋੜੇ ਸਮੇ ਦੌਰਾਨ ਭਾਰੀ ਮਾਤਰਾ ਵਿੱਚ ਕਣਕ ਲਿਆਉਣ ਕਾਰਨ ਕਣਕ ਦੀ ਬਹੁਤਾਤ ਹੋ ਜਾਂਦੀ ਹੈ, ਜਿਸ ਕਾਰਨ ਕਈ ਵਾਰ ਟਰੱਕਾਂ ਦੀ ਘਾਟ ਹੋਣ ਕਾਰਨ ਚੁਕਾਈ ਦੀ ਸਮੱਸਿਆ ਹੋ ਜਾਂਦੀ ਹੈ। ਇਸ ਲਈ ਟਰੱਕਾਂ ਵਿੱਚੋ ਕਣਕ ਦੀ ਨਿਰਵਿਘਨ ਉਤਰਾਈ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਟਰੱਕ ਵੱਧ ਤੋ ਵੱਧ ਚੱਕਰ ਲਗਾ ਸਕਣ।

13 <u>ਕਣਕ ਦੀ ਅਦਾਇਗੀ</u>

ਖਰੀਦ ਕੀਤੀ ਕਣਕ ਦੀ ਅਦਾਇਗੀ ਬਾਰੇ ਵਿਸਥਾਰ-ਪੂਰਵਕ ਹਦਾਇਤਾਂ ਕੰਟਰੋਲਰ ਖੁਰਾਕ ਲੇਖਾ ਵੱਲੋ ਜਾਰੀ ਕੀਤੀਆਂ ਜਾਣਗੀਆਂ। ਫਿਰ ਵੀ ਇਹ ਯਕੀਨੀ ਬਣਾਇਆ ਜਾਵੇ ਕਿ ਖਰੀਦੀ ਗਈ ਕਣਕ ਦੀ ਅਦਾਇਗੀ ਹਦਾਇਤਾਂ ਅਨੁਸਾਰ ਹੋ ਰਹੀ ਹੈ। ਖਰੀਦੀ ਗਈ ਕਣਕ ਦੀ 100× ਅਤੇ ਅਣਲਿਫਟਿਡ ਕਣਕ ਦੀ 75 ਪ੍ਰਤੀਸਤ ਕੀਮਤ ਬਿਲ ਪ੍ਰਾਪਤ ਹੋਣ ਦੇ 48 ਘੰਟੇ ਦੇ ਅੰਦਰ ਅੰਦਰ ਅਦਾ ਕਰ ਦਿੱਤੀ ਜਾਵੇ। ਅਦਾਇਗੀ ਬਾਰੇ ਸੂਚਨਾਂ ਕੰਟਰੋਲਰ ਖੁਰਾਕ ਲੇਖਾ ਨੂੰ ਹਰ ਰੋਜ਼ ਭੇਜੀ ਜਾਵੇ ਤਾਂ ਜੋ ਉਸ ਨੂੰ ਸੰਚਿਤ ਕਰਕੇ ਡਾਇਰੈਕਟਰ ਖੁਰਾਕ, ਸਿਵਲ ਸਪਲਾਈਜ, ਪ੍ਰਮੁੱਖ ਸਕੱਤਰ, ਖੁਰਾਕ ਤੇ ਸਪਲਾਈਜ਼ ਅਤੇ ਖੁਰਾਕ ਸਪਲਾਈ ਮੰਤਰੀ ਜੀ ਨੂੰ ਸੂਚਿਤ ਕੀਤਾ ਜਾ ਸਕੇ।

14 <u>ਖਰੀਦੀ ਗਈ ਕਣਕ ਨੂੰ ਭੰਡਾਰ ਕਰਨ ਸਬੰਧੀ</u>

ਖਰੀਦ ਕੀਤੀ ਕਣਕ ਨੂੰ ਸਰਕਾਰ ਵੱਲੋ ਭੰਡਾਰ ਕਰਨ ਸਬੰਧੀ ਜਾਰੀ ਕੀਤੀ ਗਈ ਪਾਲਿਸੀ ਅਨੁਸਾਰ ਭੰਡਾਰ ਕਰਵਾਇਆ ਜਾਵੇ।

15 **ਅੰਕੜਿਆਂ ਸਬੰਧੀ ਸੂਚਨਾ**

ਮੁੱਖ ਦਫਤਰ ਵਿਖੇ ਕੰਟਰੋਲ ਰੂਮ ਸਾਰਾ ਸਾਲ ਚਾਲੂ ਰਹਿੰਦਾ ਹੈ। ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਸਰਕਲ ਦਫਤਰ ਵਿਖੇ ਚੱਲ ਰਹੇ ਕੰਟਰੋਲ ਰੂਮ ਵੀ ਸੀਜਨ ਦੌਰਾਨ ਦਿਨ ਰਾਤ ਕੰਮ ਕਰਨ ਅਤੇ ਹਰ ਰੋਜ ਕਣਕ ਦੀ ਖਰੀਦ ਦੇ ਅੰਕੜੇ ਮੁੱਖ ਦਫਤਰ ਵਿਖੇ ਕੰਟਰੋਲ ਰੂਮ ਵਿੱਚ ਸਮੇ ਸਿਰ ਦਿੱਤੇ ਜਾਣ।

16 **ਮੰਡੀਆਂ ਵਿੱਚ ਪ੍ਰਬੰਧ**

ਜਿਲ੍ਹਾ ਅਧਿਕਾਰੀ ਇਹ ਯਕੀਨੀ ਬਣਾਉਣ ਕਿ ਮੰਡੀਆਂ ਵਿੱਚ ਮੰਡੀ ਬੋਰਡ ਵੱਲੋ ਫੜ੍ਹਾਂ ਦੀ ਸਫਾਈ, ਮੰਡੀਆਂ ਵਿੱਚ ਬਿਜਲੀ, ਛਾਂ ਤੇ ਪਾਣੀ ਦਾ ਪ੍ਰਬੰਧ, ਨਮੀ ਮਾਪਣ ਵਾਲੇ ਯੰਤਰ ਅਤੇ ਆੜ੍ਹਤੀਆਂ ਵੱਲੋ ਆਪਣੀ ਦੁਕਾਨ ਤੇ ਤਰਪਾਲਾਂ ਅਤੇ ਮਕੈਨੀਕਲ ਕਲੀਨਰ ਮਸੀਨਾਂ ਦਾ ਪ੍ਰਬੰਧ ਕਣਕ ਦੀ ਆਮਦ ਹੋਣ ਤੋ ਪਹਿਲਾਂ ਪਹਿਲਾਂ ਮੁਕੰਮਲ ਕਰ ਲਿਆ ਗਿਆ ਹੈ। ਮੰਡੀ ਬੋਰਡ ਵੱਲੋ ਕਰਵਾਏ ਗਏ ਸਾਰੇ ਪ੍ਰਬੰਧਾਂ ਸਬੰਧੀ ਸਬੰਧਤ ਖਰੀਦ ਏਜੰਸੀ ਵੀ ਰਿਪੋਰਟ ਭੇਜੇਗੀ ਕਿ ਸਾਰੇ ਲੋੜੀਦੇ ਪ੍ਰਬੰਧ ਮੌਜੂਦ ਹਨ ।

17 ਖੁਰਾਕ ਤੇ ਸਪਲਾਈ ਵਿਭਾਗ ਹਰ ਇੱਕ ਮੰਡੀ/ਖਰੀਦ ਕੇਦਰ ਵਿੱਚ ਬਤੌਰ ਨੋਡਲ ਏਜੰਸੀ ਦੇ ਕੰਮ ਕਰਦਾ ਹੈ। ਇਸ ਲਈ ਹਰ ਇੱਕ ਮੰਡੀ ਵਿੱਚ ਖੁਰਾਕ ਤੇ ਸਪਲਾਈ ਵਿਭਾਗ ਦੇ ਨਿਯੁਕਤ ਨਿਰੀਖਕ ਗਰੇਡ-1/ਨਿਰੀਖਕ ਗਰੇਡ-।। ਵੱਲੋ ਹੇਠ ਲਿਖੇ ਅਨੁਸਾਰ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਜਾਵੇ:-

(ੳ) ਮੰਡੀ ਵਿੱਚ ਖਰੀਦ ਕਰ ਰਹੀ ਏਜੰਸੀ ਕੋਲ ਬਾਰਦਾਨਾ, ਲੱਕੜੀ ਦੇ ਕਰੇਟ, ਤਰਪਾਲਾਂ ਅਤੇ ਪੋਲੀਥੀਨ ਕਵਰ ਲੋੜੀਦੀ ਮਾਤਰਾ ਵਿੱਚ ਉਪਲੱਬਧ ਹਨ।

(ਅ) ਸਬੰਧਤ ਏਜੰਸੀ ਵੱਲੋ ਲੇਬਰ ਅਤੇ ਢੋਆ ਢੁਆਈ ਦੇ ਠੇਕੇ ਦਾ ਇੰਤਜਾਮ ਹੈ।

(ੲ) ਸਬੰਧਤ ਏਜੰਸੀ ਕੋਲ ਖਰੀਦ ਅਨੁਸਾਰ ਭੰਡਾਰਕ ਸਮਰੱਥਾ ਦਾ ਇੰਤਜਾਮ ਹੈ।

(ਸ) ਸਬੰਧਤ ਮਾਰਕੀਟ ਕਮੇਟੀ ਵੱਲੋ ਪੱਕੇ ਫੜ੍ਹਾਂ ਦਾ ਇੰਤਜਾਮ, ਰੋਸ਼ਨੀ ਅਤੇ ਪਾਣੀ/ਸਫਾਈ/ਥਾਂ ਦਾ ਪ੍ਰਬੰਧ ਕੀਤਾ ਗਿਆ ਹੈ।

(ਹ) ਮਾਰਕੀਟ ਕਮੇਟੀ ਵੱਲੋ ਬਿਜਲੀ ਦਾ ਪਾਵਰ ਕੁਨੈਕਸਨ ਲੈਦੇ ਹੋਏ ਆੜ੍ਹਤੀਆਂ ਨੂੰ ਅੱਗੇ ਕੁਨੈਕਸਨ ਦੇ ਦਿੱਤੇ ਗਏ ਹਨ।

(ਕ) ਆੜ੍ਹਤੀਆਂ ਕੋਲ ਮੰਡੀ ਬੋਰਡ ਦੇ ਉਪ ਨਿਯਮਾਂ ਅਧੀਨ ਤਰਪਾਲਾਂ ਦਾ ਪੂਰਾ ਇੰਤਜਾਮ ਹੈ।

(ਖ) ਹਰ ਇੱਕ ਖਰੀਦ ਕੇਦਰ ਤੇ ਇੱਕ ਸੂਚੀ ਤਿਆਰ ਕਰਕੇ ਰੱਖੀ ਜਾਵੇ, ਜਿਸ ਵਿੱਚ ਖਰੀਦ ਕੇਦਰ ਦੇ ਇੰਚਾਰਜ ਅਤੇ ਹੋਰ ਦੂਜੀਆਂ ਖਰੀਦ ਏਜੰਸੀਆਂ ਦੇ ਅਮਲੇ ਦੇ ਘਰ ਦੇ ਪਤੇ ਅਤੇ ਟੈਲੀਫੂਨ ਨੰਬਰ ਆਦਿ ਲਿਖੇ ਹੋਣ, ਤਾਂ ਜੋ ਲੋੜ ਪੈਣ ਤੇ ਸਬੰਧਤ ਅਮਲੇ ਨਾਲ ਸੰਪਰਕ ਕੀਤਾ ਜਾ ਸਕੇ।

ਉਪਰੋਕਤ ਅਨੁਸਾਰ ਪ੍ਰਬੰਧਾਂ ਨੂੰ ਪੂਰਾ ਕਰਵਾਉਣਾ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੀ ਜਿੰਮੇਵਾਰੀ ਹੈ। ਜੇਕਰ ਸੀਜਨ ਦੌਰਾਨ ਪ੍ਰਬੰਧਾਂ ਵਿੱਚ ਕੋਈ ਵੀ ਘਾਟ ਰਹਿੰਦੀ ਹੈ ਅਤੇ ਖੁਰਾਕ ਤੇ ਸਪਲਾਈਜ ਵਿਭਾਗ ਦਾ ਕਰਮਚਾਰੀ ਇਸ ਸਬੰਧੀ ਰਿਪੋਰਟ ਨਹੀ ਕਰਦਾ ਤਾਂ ਮੰਡੀ ਬੋਰਡ ਦੇ ਕਰਮਚਾਰੀਆਂ ਦੇ ਨਾਲ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦਾ ਸਬੰਧਤ ਅਮਲਾ ਵੀ ਜਿੰਮੇਵਾਰ ਹੋਵੇਗਾ।

18 **ਕਿਸਾਨਾਂ ਦੀਆਂ ਮੁਸਕਲਾਂ ਨੂੰ ਘਟਾਉਣ ਬਾਰੇ**

ਕਣਕ ਦੀ ਖਰੀਦ ਦੀ ਗਤੀਵਿੱਧੀ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਅਤੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਮੌਕੇ ਤੇ ਹੀ ਨਿਪਟਾਉਣ ਲਈ ਸਬੰਧਤ ਡਿਪਟੀ ਕਮਿਸ਼ਨਰਾਂ ਵੱਲੋ ਝਗੜਾ ਨਿਪਟਾਊ ਕਮੇਟੀਆਂ ਦਾ ਗਠਨ ਕੀਤਾ ਜਾਣਾ ਹੈ, ਜਿਸਦੇ ਸਬੰਧਤ ਖਰੀਦ ਏਜੰਸੀ, ਮੰਡੀ ਬੋਰਡ, ਆੜ੍ਹਤੀਆਂ ਅਤੇ ਕਿਸਾਨਾਂ ਦੇ ਨੁਮਾਇੰਦੇ ਮੈਬਰ ਹਨ। ਇਸ ਲਈ ਜੇਕਰ ਕਿਸੇ ਜਿੰਮੀਦਾਰ ਵੱਲੋ ਕਣਕ ਦੀ ਵੇਚ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸਦਾ ਨਿਪਟਾਰਾ ਇਸ ਕਮੇਟੀ ਵੱਲੋ ਮੌਕੇ ਤੇ ਹੀ ਕਰਵਾਇਆ ਜਾਵੇ।

19 ਮੰਡੀ ਵਿੱਚ ਖਰੀਦ ਦੇ ਕੰਮ ਲਈ ਨਿਯੁਕਤ ਕੀਤੇ ਹੋਏ ਕਰਮਚਾਰੀਆਂ ਨੂੰ ਖਰੀਦ ਸੀਜਨ ਦੌਰਾਨ ਛੁੱਟੀ ਨਹੀ ਦਿੱਤੀ ਜਾਵੇਗੀ।

20 ਮੰਡੀ/ਖਰੀਦ ਕੇਦਰ ਵਿੱਚ ਕਣਕ ਦੀ ਖਰੀਦ ਹਰ ਐਤਵਾਰ ਅਤੇ ਹਰ ਛੁੱਟੀ ਵਾਲੇ ਦਿਨ ਵੀ ਕੀਤੀ ਜਾਵੇਗੀ ਤਾਂ ਜੋ ਮੰਡੀ ਵਿੱਚ ਸਭਾਂਵਤ ਗਲੱਟ ਤੋ ਬਚਿਆ ਜਾ ਸਕੇ। ਇਸ ਲਈ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਹਰ ਐਤਵਾਰ ਅਤੇ ਹਰ ਛੁੱਟੀ ਵਾਲੇ ਦਿਨ ਵੀ ਮੰਡੀ ਵਿੱਚ ਕਣਕ ਦੀ ਖਰੀਦ ਕੀਤੀ ਜਾ ਰਹੀ ਹੈ।

21 ਸਰਕਾਰ ਵੱਲੋ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਕਣਕ ਦੀ ਖਰੀਦ ਦੇ ਸੀਜਨ ਦੌਰਾਨ ਮਿਤੀ 1-4-2009 ਤੋ ਲੈ ਕੇ 10-05-2009 ਤੱਕ ਕਣਕ ਅਤੇ ਚਾਵਲਾਂ ਦੀਆਂ ਗੱਡੀਆਂ ਲੋਡ ਕਰਨ ਨੂੰ ਤਰਜੀਹ ਨਾ ਦਿੱਤੀ ਜਾਵੇ ਤਾਂ ਜੋ ਜਿਆਦਾ ਤੋ ਜਿਆਦਾ ਮਜਦੂਰ ਖਰੀਦੀ ਗਈ ਕਣਕ ਦੀ ਚੁਕਾਈ ਦੇ ਕੰਮ ਲਈ ਉਪਲੱਬਧ ਹੋ ਸਕਣ ਅਤੇ ਮੰਡੀਆਂ ਵਿਚ ਲਿਫਟਿੰਗ ਤੇ ਮਾੜਾ ਅਸਰ ਨਾ ਪਵੇ।

22 ਮੰਡੀਆਂ ਵਿੱਚ ਕਣਕ ਦੀ ਲਿਫਟਿੰਗ ਸਮੇ ਸਿਰ ਕਰਵਾਉਣ ਲਈ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਐਫ.ਸੀ.ਆਈ. ਦੇ ਮਜਦੂਰਾਂ ਵੱਲੋ ਕਣਕ ਦੇ ਸੀਜਨ ਦੌਰਾਨ ਸਾਮ 5-00 ਵਜੇ ਤੋ ਬਾਅਦ ਵੀ ਕੰਮ ਕੀਤਾ ਜਾਵੇਗਾ।

23 ਖਰੀਦ ਏਜੰਸੀਆਂ ਦੇ ਅਮਲੇ ਨੂੰ ਇਹ ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਆੜ੍ਹਤੀਏ, ਖਰੀਦ ਏਜੰਸੀਆਂ ਦੇ ਜਾਂ ਮੰਡੀ ਬੋਰਡ ਦੇ ਅਮਲੇ ਵੱਲੋ ਕਿਸਾਨਾਂ ਤੋ ਕਣਕ ਦੀ ਖਰੀਦ ਸਬੰਧੀ ਨਜਾਇਜ ਕਟੌਤੀ ਸਬੰਧੀ ਸਿਕਾਇਤ ਪ੍ਰਾਪਤ ਹੋਈ ਤਾਂ ਇਸ ਸਬੰਧੀ ਸਖਤ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਹੋਰ ਕਾਰਵਾਈ ਦੇ ਨਾਲ ਫੋਜਦਾਰੀ ਕੇਸ ਵੀ ਦਰਜ਼ ਕਰਵਾਇਆ ਜਾ ਸਕਦਾ ਹੈ। ਇਸ ਲਈ ਸਮੂਹ ਖਰੀਦ ਏਜੰਸੀਆਂ ਮੰਡੀ ਬੋਰਡ ਦਾ ਅਮਲਾ ਅਤੇ ਆੜ੍ਹਤੀਏ ਇਸ ਸਬੰਧੀ ਸੁਚੇਤ ਰਹਿਣ।

ਉਪਰੋਕਤ ਪਾਲਿਸੀ ਦੀ ਇੰਨ ਬਿਨ ਪਾਲਣਾ ਕੀਤੀ ਜਾਵੇ।

**ਵਧੀਕ ਡਾਇਰੈਕਟਰ ਖੁਰਾਕ ਤੇ ਸਪਲਾਈਜ**
**ਵਾ: ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ ਅਤੇ**
**ਖਪਤਕਾਰ ਮਾਮਲੇ ਵਿਭਾਗ, ਪੰਜਾਬ**

ਪਿੱਠ ਅੰਕਣ ਨੰ: 1/393/2008/ਅਖ-1-2009/ ਮਿਤੀ, ਚੰਡੀਗੜ੍ਹ:

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੈਨੇਜਿੰਗ ਡਾਇਰੈਕਟਰ, ਪਨਗਰੇਨ, ਚੰਡੀਗੜ੍ਹ।
2) ਮੈਨੇਜਿੰਗ ਡਾਇਰੈਕਟਰ, ਮਾਰਕਫੈਡ, ਸੈਕਟਰ-35, ਚੰਡੀਗੜ੍ਹ।
3) ਮੈਨੇਜਿੰਗ ਡਾਇਰੈਕਟਰ, ਪੰਜਾਬ ਰਾਜ ਗੁਦਾਮ ਨਿਗਮ, ਸੈਕਟਰ-17, ਚੰਡੀਗੜ੍ਹ।
4) ਮੈਨੇਜਿੰਗ ਡਾਇਰੈਕਟਰ, ਪੰਜਾਬ ਐਗਰੋ ਫੂਡਗ੍ਰੇਨ ਕਾਰਪੋਰੇਸਨ, ਸੈਕਟਰ-28, ਚੰਡੀਗੜ੍ਹ।
5) ਜਨਰਲ ਮੈਨੇਜਰ, ਐਫ.ਸੀ.ਆਈ(ਪੰਜਾਬ ਖੇਤਰ), ਸੈਕਟਰ-31, ਚੰਡੀਗੜ੍ਹ।
6) ਮੈਨੇਜਿੰਗ ਡਾਇਰੈਕਟਰ, ਪਨਸਪ, ਸੈਕਟਰ-34, ਚੰਡੀਗੜ੍ਹ।
7) ਸਕੱਤਰ, ਪੰਜਾਬ ਰਾਜ ਮੰਡੀ ਬੋਰਡ, ਸੈਕਟਰ-17, ਚੰਡੀਗੜ੍ਹ।
8) ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ, ਸੈਕਟਰ 34, ਚੰਡੀਗੜ੍ਹ।

9) ਸਮੂਹ ਡਿਪਟੀ ਕਮਿਸਨਰ, ਪੰਜਾਬ ਰਾਜ ਵਿੱਚ।
10) ਨਿੱਜੀ ਸਕੱਤਰ/ਖੁਰਾਕ ਤੇ ਸਪਲਾਈਜ ਮੰਤਰੀ।
11) ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਖੁਰਾਕ ਤੇ ਸਪਲਾਈਜ, ਪੰਜਾਬ।
12) ਨਿੱਜੀ ਸਹਾਇਕ/ਸੱਕਤਰ, ਖੁਰਾਕ ਤੇ ਸਪਲਾਈਜ, ਪੰਜਾਬ।
13) ਨਿੱਜੀ ਸਹਾਇਕ /ਡਾਇਰੈਕਟਰ, ਖੁਰਾਕ ਤੇ ਸਪਲਾਈਜ, ਪੰਜਾਬ।
14) ਸਮੂਹ ਅਫਸਰ ਸਾਹਿਬਾਨ, ਮੁੱਖ ਦਫਤਰ।
15) ਸੁਪਰਡੰਟ ਅੰਕੜਾ ਸਾਖਾ, ਮੁੱਖ ਦਫਤਰ।
16) ਸੁਪਰਡੰਟ ਅੰਨ ਖਰੀਦ (ਅਖ-3), ਮੁੱਖ ਦਫਤਰ।

**ਵਧੀਕ ਡਾਇਰੈਕਟਰ ਖੁਰਾਕ ਤੇ ਸਪਲਾਈਜ**
**ਵਾ: ਡਾਇਰੈਕਟਰ, ਖੁਰਾਕ,ਸਿਵਲ ਸਪਲਾਈਜ ਅਤੇ**
**ਖਪਤਕਾਰ ਮਾਮਲੇ ਵਿਭਾਗ, ਪੰਜਾਬ।**